ਪੰਜਾਬ ਸਰਕਾਰ

ਸਿੰਚਾਈ ਵਿਭਾਗ

(ਸਿੰਚਾਈ ਪ੍ਰਸੋਨਲ-2 ਸਾਖਾ)

ਦਫਤਰੀ ਹੁਕਮ

ਸਰਕਾਰ ਦੇ ਹੁਕਮ ਮਿਤੀ 13-9-2000 ਰਾਹੀਂ ਮੂੰਹ ਬੋਲਦੇ ਹੁਕਮ ਜਾਰੀ ਕਰਦੇ ਹੋਏ ਪੀ.ਐਸ.ਈ. ਕਲਾਸ-2 ਦੀ ਸੀਨੀਆਰਤਾ ਸੂਚੀ ਪੱਤਰ ਨੰ:22/4/99-3ਸਿੰਪ੍ਰ2/17644 ਮਿਤੀ 15-9-2000 ਰਾਹੀਂ ਜਾਰੀ ਕੀਤੀ ਗਈ ਸੀ। ਇਹ ਸੀਨੀਆਰਤਾ ਸੂਚੀ ਵੱਖ-ਵੱਖ ਅਦਾਲਤਾਂ ਵੱਲੋਂ ਦਿੱਤੇਫੈਸਲੇ ਦੇ ਸਨਮੁੱਖ ਤਿਆਰ ਕੀਤੀ ਗਈ ਸੀ। ਸੀਨੀਆਰਤਾ ਵਿੱਚ ਦਰਜ ਬਹੁਤ ਸਾਰੇ ਅਧਿਕਾਰੀ ਰਿਟਾਇਰ ਹੋ ਚੁੱਕੇ ਹਨ ਅਤੇ ਕਾਫੀ ਪੱਦ-ਉਨਤ ਹੋ ਚੁੱਕੇ ਹਨ। ਅਜਿਹੇ ਸਾਰੇ ਕਰਮਚਾਰੀਆਂ ਦੇ ਨਾਂ ਇਸ ਸੀਨੀਆਰਤਾ ਸੂਚੀ ਵਿੱਚੋਂ ਡਲੀਟ ਕਰਦੇ ਹੋਏ ਇਸ ਨੂੰ ਅਪ ਡੇਟ ਕੀਤਾ ਜਾ ਰਿਹਾ ਹੈ।

ਸਰਕਾਰ ਦੇ ਹੁਕਮ ਮਿਤੀ 13-9-2000 ਰਾਹੀਂ ਜਾਰੀ ਸੀਨੀਆਰਤਾ ਸੂਚੀ ਵਿੱਚ ਅਖੀਰਲਾ ਨਾ ਸ੍ਰੀ ਹਰਭਜਨ ਸਿੰਘ ਦਾ ਸੀਨੀਆਰਤਾ ਨੰ:1665 ਤੇ ਦਰਜ ਹੈ। ਸਰਕਾਰ ਦੇ ਮੀਮੋ ਨੰ: 6/1/08-3ਸਿੰਪ੍ਰ2/1119-20 ਮਿਤੀ 26-5-2009 ਰਾਹੀਂ ਪੀ.ਐਸ.ਈ. (ਗਰੁੱਪ-ਏ) ਉਪ ਮੰਡਲ ਅਫਸਰ ਦੀ ਆਰਜੀ ਸੀਨੀਆਰਤਾ ਸੂਚੀ ਸਰਕੁਲੇਟ ਕੀਤੀ ਗਈ ਸੀ, ਜਿਸ ਵਿੱਚ ਪੁਰਾਣੀ ਸੀਨੀਆਰਤਾ ਸੂਚੀ (13-9-2000) ਵਿੱਚ ਦਰਜ ਅਖੀਰਲਾ ਨਾ ਸ੍ਰੀ ਹਰਭਜਨ ਸਿੰਘ ਸੀਨੀਆਰਤਾ ਨੰ:1665 ਨੂੰ ਨਵੀਂ ਜਾਰੀ ਆਰਜੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ:190 ਤੇ ਦਰਜ ਹੈ। ਇਹ ਟੇਟੇਟਿਵ ਸੀਨੀਆਰਤਾ ਸੂਚੀ ਵਿੱਚ ਲੜੀ ਨੰ:1 ਤੋਂ 326 ਤੱਕ ਨਾ ਦਰਜ ਕੀਤੇ ਗਏ ਹਨ। ਜਿਸ ਵਿੱਚ ਲੜੀ ਨੰ:1 ਤੇ ਦਰਜ ਸ੍ਰੀ ਗੁਰਮਿੰਦਰ ਸਿੰਘ ਬੈਂਸ ਅਤੇ 326 ਤੇ ਦਰਜ ਸ੍ਰੀ ਸਸੀ ਭੂਸਨ ਗਰਗ ਹੈ। ਇਹ ਸੀਨੀਆਰਤਾ ਸੂਚੀ ਸਰਕੁਲੇਟ ਕਰਦੇ ਹੋਏ 21 ਦਿਨਾਂ ਦੇ ਅੰਦਰ-ਅੰਦਰ ਇਤਰਾਜ ਮੰਗੇ ਗਏ ਸਨ। ਜਿਸ ਸਬੰਧੀ ਵੱਖ-ਵੱਖ ਉਪ ਮਡਲ ਅਫਸਰਾਂ ਵੱਲੋ ਆਪਣੇ-ਆਪਣੇ ਇਤਰਾਜ ਰਿਕਾਰਡ ਕਰਵਾਏ ਗਏ।

ਸਰਕਾਰ ਦੇ ਮੀਮੋ ਨੰ: 6/1/2008-3ਸਿੰਪ੍ਰ2/2475, ਮਿਤੀ 10-11-2010 ਰਾਹੀਂ ਪੀ.ਐਸ.ਈ. ਕਲਾਸ-2 (ਹੁਣ ਰਗਰੁੱਪ-ਏ) ਉਪ ਮੰਡਲ ਅਫਸਰਾਂ ਦੀ ਸੀਨੀਆਰਤਾ ਸੂਚੀ ਫਾਈਨਲ ਕਰਨ ਲਈ ਹੇਠਾ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਗਿਆ:-

| | | |
|---|---|---|
| 1. | ਮੁੱਖ ਇੰਜੀਨੀਅਰ/ਨਹਿਰਾਂ | ਚੇਅਰਮੈਨ |
| 2. | ਮੁੱਖ ਇੰਜੀਨੀਅਰ/ਡਰੇਨੇਜ | ਮੈਂਬਰ |
| 3. | ਮੁੱਖ ਇੰਜੀਨੀਅਰ/ਜਲ ਸਾਧਨ | ਮੈਂਬਰ |
| 4. | ਵਧੀਕ ਡਾਇਰੈਕਟਰ/ਪ੍ਰਸਾਸਨ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ | ਮੈਂਬਰ ਸਕੱਤਰ |

ਉਕਤ ਕਾਂਇਮ ਕੀਤੀ ਕਮੇਟੀ ਵੱਲੋਂ ਵੱਖ-ਵੱਖ ਉਪ ਮੰਡਲ ਅਫਸਰਾਂ ਵੱਲੋਂ ਦਿੱਤੇ ਗਏ ਇਤਰਾਜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੂੰ ਆਪਣੇ ਪੱਤਰ ਨੰ: 267/10 ਈ.ਈ.2/2011 ਮਿਤੀ 20-1-2011 ਰਾਹੀਂ ਸੂਚਿਤ ਕੀਤਾ ਗਿਆ ਕਿ ਮੀਟਿੰਗ ਵਿੱਚ ਪ੍ਰਭਾਂਵਿਤ ਅਧਿਕਾਰੀਆਂ ਦੇ ਇਤਰਾਜ ਸੁਣੇ ਗਏ ਜਿਹੜੇ ਅਧਿਕਾਰੀ ਹਾਜਰ ਨਹੀਂ ਹੋਏ ਉਨ੍ਹਾਂ ਨੂੰ ਦੁਬਾਰਾ ਯਾਦ ਪੱਤਰ ਜਾਰੀ ਕੀਤਾ ਗਿਆ ਸੀ। ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਸਾਲ 1999 ਬੈਚ ਦੇ ਆਰਜੀ ਇੰਜੀਨੀਅਰਾਂ ਜਿਨਾਂ ਦੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਤੋਂ ਜੋ ਸਾਂਝੀ ਮੈਰਿਟ ਸੂਚੀ ਜਾਰੀ ਕੀਤੀ ਗਈ ਹੈ, ਦੇ ਵਿਰੁੱਧ ਕਿਸੇ ਵੀ ਕਿਸਮ ਦਾ ਇਤਰਾਜ ਨਾ ਹੋਣ ਕਾਰਨ ਸੀਨੀਆਰਤਾ ਸੂਚੀ ਫਾਈਨਲ ਕਰਨ ਲਈ ਸਰਕਾਰ ਨੂੰ ਸਿਫਾਰਸ਼ ਕੀਤੀ ਗਈ। ਇਸ ਤਰ੍ਹਾਂ ਉਨ੍ਹਾਂ ਵੱਲੋਂ ਭੇਜੀ ਸੀਨਆਰਤਾ ਸੂਚੀ ਦੇ ਲੜੀ ਨੰ:197 ਤੋਂ 326 ਤੱਕ ਫਾਈਨਲ ਕਰਨ ਲਈ ਲਿਖਿਆ ਗਿਆ।

ਸੀਨੀਆਰਤਾ ਸੂਚੀ ਫਾਈਨਲ ਕਰਨ ਲਈ ਉਕਤ ਦਰਜ ਕਮੇਟੀ ਵੱਲੋਂ ਜੋ ਸਿਫਾਰਸਾਂ ਕੀਤੀਆਂ ਗਈਆਂ, ਉਸ ਨੂੰ ਵਿਚਾਰਦੇ ਹੋਏ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਸੀਨੀਆਰਤਾ ਸੂਚੀ ਦੇ ਲੜੀ ਨੰ:199 ਤੇ ਸ੍ਰੀ ਅਮਰਜੀਤ ਸਿੰਘ ਦਾ ਨਾਂ ਦਰਸਾਇਆ ਗਿਆ ਹੈ ਅਤੇ ਲੜੀ ਨੰ: 198 ਤੇ ਸ੍ਰੀ ਪਵਨ ਕਪੂਰ ਦਾ ਨਾਂ ਦਰਜ ਕੀਤਾ ਗਿਆ ਹੈ। ਰੋਸਟਰ ਰਜਿਸਟਰ ਨੂੰ ਵਾਚਣ ਤੋਂ ਪਤਾ ਚਲਿਆ ਕਿ



Scanned by CamScanner

ਉਕਤ ਦੋਵੇਂ ਅਧਿਕਾਰੀਆਂ ਦੇ ਨਾਂਮ ਨੁਕਤਾ ਨੰ: 679 ਅਤੇ 680 ਤੇ ਦਰਜ ਕੀਤੇ ਗਏ ਹਨ। ਸ੍ਰੀ ਪਵਨ ਕਪੂਰ ਦਾ ਨਾਂ 679 ਜਨਰਲ ਸ੍ਰੇਣੀ ਵਜੋਂ ਅਤੇ ਸ੍ਰੀ ਅਮਰਜੀਤ ਸਿੰਘ ਦਾ ਨਾਂ 680 ਤੇ ਅਨੁਸੂਚਿਤ ਜਾਤੀ ਵਜੋਂ ਇੰਦਰਾਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਜੋ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ, ਉਸ ਵਿੱਚ ਵੀ ਸ੍ਰੀ ਪਵਨ ਕਪੂਰ ਦਾ ਨਾਂ ਪਹਿਲਾ ਆਉਂਦਾ ਹੈ ਅਤੇ ਸ੍ਰੀ ਅਮਰਜੀਤ ਸਿੰਘ ਦਾ ਨਾ ਬਾਅਦ ਵਿੱਚ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿਵਲ ਰਿੱਟ ਪਟੀਸ਼ਨ ਨੰ:18585/1997- ਪਵਨ ਕਪੂਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਦਾ ਫੈਸਲਾ ਮਿਤੀ 21-7-98 ਦੇ ਆਧਾਰ ਤੇ ਸਰਕਾਰ ਵੱਲੋਂ ਆਪਣੇ ਹੁਕਮ ਮਿਤੀ 16-2-1999 ਦੇ ਆਧਾਰ ਤੇ ਨਿਯੁਕਤੀ ਪੱਤਰ ਮਿਤੀ 11-3-1999 ਨੂੰ ਜਾਰੀ ਕੀਤੇ ਗਏ ਹਨ, ਉਸ ਅਨੁਸਾਰ ਵੀ ਸ੍ਰੀ ਪਵਨ ਕਪੂਰ ਪਹਿਲਾ ਅਤੇ ਸ੍ਰੀ ਅਮਰਜੀਤ ਸਿੰਘ ਦਾ ਨਾਂਮ ਦੂਜੇ ਨੰਬਰ ਤੇ ਹੈ। ਇਸ ਤਰ੍ਹਾਂ ਸਰਕਾਰ ਵੱਲੋਂ ਨਿਯੁਕਤੀ ਪੱਤਰ/ਰੋਸਟਰ ਰਜਿਸਟਰ/ਕੋਰਟ ਕੇਸ ਨੂੰ ਮੁੱਖ ਰੱਖਦੇ ਹੋਏ ਸ੍ਰੀ ਪਵਨ ਕਪੂਰ ਦਾ ਨਾਂ ਸੀਨੀਆਰਤਾ ਸੂਚੀ ਵਿੱਚ ਲੜੀ ਨੰ:198 ਅਤੇ ਸ੍ਰੀ ਅਮਰਜੀਤ ਸਿੰਘ ਦਾ ਨਾਂ ਲੜੀ ਨੰ:199 ਤੇ ਦਰਜ ਕਰਨ ਦਾ ਫੈਸਲਾ ਲਿਆ ਗਿਆ ਹੈ।

ਲੜੀ ਨੰ: 87-88 ਅਤੇ 93 ਤੋਂ ਲੈ ਕੇ 98 ਤੱਕ ਦੇ ਡਿਪਲੋਮਾ ਹੋਲਡਰ ਸਾਲ 1990 ਅਤੇ 92 ਤੱਕ ਜੇ.ਈ. ਤੋਂ ਉਪ ਮੰਡਲ ਅਫਸਰ ਪਦ-ਉਨਤ ਕੀਤੇ ਗਏ ਸਨ ਅਤੇ ਸਰਕਾਰ ਵਲੋਂ ਇਹਨਾਂ ਦੀ ਬਤੌਰ ਜੇ.ਈ ਰਿਵਰਸਨ ਕੀਤੀ ਗਈ ਸੀ ਅਤੇ ਸਿਵਲ ਰਿੱਟ ਪਟੀਸ਼ਨ ਨੰ:5345/2001ਵਿੱਚ ਮਿਤੀ 17-04-2001 ਨੂੰ ਰਿਵਰਸਨ ਦੇ ਹੁਕਮਾਂ ਵਿਰੁੱਧ ਸਟੇਅ ਪ੍ਰਾਪਤ ਕੀਤੀ ਹੋਈ ਹੈ ਅਤੇ ਇਸ ਫੈਸਲੇ ਦੇ ਵਿਰੁੱਧ ਸਰਕਾਰ ਨੇ ਸਟੇਅ ਤੁੜਵਾਉਣ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਅਰਜੀ ਦਾਇਰ ਕੀਤੀ ਹੋਈ ਹੈ। ਕੇਸ ਮਾਨਯੋਗ ਹਾਈਕੋਰਟ ਵਿੱਚ ਪੈਂਡਿੰਗ ਹੋਣ ਕਾਰਨ ਪਹਿਲੀ ਸੀਨੀਆਰਤਾ ਸੂਚੀ ਵਿੱਚ ਤਬਦੀਲੀ ਨਹੀਂ ਕੀਤੀ ਜਾ ਸਕਦੀ ਅਤੇ ਪਹਿਲੀ ਸੀਨੀਆਰਤਾ ਸੂਚੀ ਤੇ ਹੀ ਨਾਂ ਸਾਮਿਲ ਕੀਤਾ ਹੈ। ਜਿਥੋਂ ਤੱਕ ਰਾਮ ਸਰੂਪ ਲੜੀ ਨੰ:96 ਦਾ ਸਬੰਧ ਹੈ ਇਸ ਅਧਿਕਾਰੀ ਨੂੰ ਸਰਕਾਰ ਦੇ ਹੁਕਮ ਮਿਤੀ 1/20/92-2 ਆਈ.ਪੀ.ਪੀ.2/3377-83 ਮਿਤੀ 25-2-93 ਅਨੁਸਾਰ ਪੱਦ-ਉਨਤੀ ਦੇ ਹੁਕਮ ਵਿੱਚ ਲਗਾਈ ਸਰਤ ਅਨੁਸਾਰ ਕਿ ਸ੍ਰੀ ਨੈਬ ਸਿੰਘ ਤੋਂ ਉਪਰ ਸ੍ਰੀ ਹਰਬੰਸ ਲਾਲ ਅ:ਜ: ਤੋਂ ਹੇਠਾਂ ਸੀਨੀਆਰਤਾ ਨਿਸਚਿਤ ਕੀਤੀ ਹੈ। ਇਸ ਤਰ੍ਹਾਂ ਹੇਠ ਲਿਖੇ ਟੈਂਪਰੇਰੀ ਇੰਜੀਨੀਅਰ/ ਏ.ਐਮ.ਆਈ.ਈ./ਡਿਪਲੋਮਾ ਹੋਲਡਰ (ਸਿਵਲ ਅਤੇ ਮਕੈਨੀਕਲ) ਪੀ.ਐਸ.ਈ.ਕਲਾਸ-2 ਉਪ ਮੰਡਲ ਅਫਸਰਾਂ ਦੀ ਮਿਤੀ 23-09-2003 ਤੱਕ ਦੀ ਲੜੀ ਨੰ: 198 ਤੋਂ 326 ਤੱਕ ਦੀ ਸੀਨੀਆਰਤਾ ਸੂਚੀ ਅਨੁਲੱਗ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ :-

**ਲੋਕ ਨਿਰਮਾਣ ਸਿੰਚਾਈ ਵਿਭਾਗ, ਪੰਜਾਬ ਵਿੱਚ ਕੰਮ ਕਰ ਰਹੇ ਉਪ ਮੰਡਲ ਅਫਸਰਾਂ ਦੀ ਸੀਨੀਆਰਤਾ ਸੂਚੀ ਅਪ-ਗ੍ਰੇਡ ਕਰਨ ਬਾਰੇ।**

| ਲੜੀ ਨੰ: | ਨਾਂਮ/ਸਰਵ ਸ੍ਰੀ | ਕੈਟਾਗਰੀ | ਜਨਮ ਮਿਤੀ | ਨੌਕਰੀ ਵਿੱਚ ਆਉਣ ਦੀ ਮਿਤੀ | ਪੀ.ਐਸ.ਈ.ਕਲਾਸ-2 ਵਿੱਚ ਆਉਣ ਦੀ ਮਿਤੀ ਐਜ ਪਰ ਪਰਵਿਜ਼ਨ ਆਫ ਰੂਲ-5 ਆਫਟਰ ਕੰਮਪਲੀਸ਼ਨ 2 ਈਅਰਜ ਸਰਵਿਸ | ਵਿਸੇਸ ਕਥਨ |
|---|---|---|---|---|---|---|
| 1 | ਗੁਰਮਿੰਦਰ ਸਿੰਘ ਬੈਂਸ | ਟੀ.ਈ. | 25-8-1949 | 6-9-1978 | 5-9-1980 | ਸੇਵਾ ਨਵਿਰਤ |
| 2 | ਸੁਰਿੰਦਰਪਾਲ ਸਿੰਘ ਢੀਂਗਰਾ | ਟੀ.ਈ. | 4-3-1950 | 6-9-1978 | 5-9-1980 | ਸੇਵਾ ਨਵਿਰਤ |
| 3 | ਕੁਲਦੀਪ ਸਿੰਘ ਚਾਵਲਾ | ਟੀ.ਈ. | 1-1-1953 | 10-10-1978 | 9-10-1980 | ਪਦ ਉਨਤ(ਕਾ.ਇੰ) |
| 4. | ਗੁਰਬਚਨ ਸਿੰਘ | ਟੀ.ਈ. | 21-9-1950 | 31-8-1979 | 30-8-1981 | ਸਵੈਇੱਛਤ ਰਿਟਾਇਰਮੈਂਟ |
| 5. | ਰਜਿੰਦਰ ਸਿੰਘ | ਟੀ.ਈ. | 15-6-1953 | 20-11-1979 | 19-11-1981 | ਪਦ ਉਨਤ(ਕਾ.ਇੰ) |
| 6. | ਸੁਮਨ ਸੂਦ | ਟੀ.ਈ. | 8-10-1956 | 14-7-1980 | 13-7-1982 | ਪਦ ਉਨਤ(ਕਾ.ਇੰ). |
| 7. | ਤੇਜਿੰਦਰ ਸਿੰਘ ਬਾਜਵਾ | ਟੀ.ਈ. | 2/5/1960 | 15-10-1982 | 14-10-1984 | ਸਵੈਇੱਛਤ ਰਿਟਾਇਰਮੈਂਟ |
| 8. | ਰੁਪਿੰਦਰ ਸਿੰਘ | ਟੀ.ਈ. | 18-8-1959 | 30-10-1982 | 29-10-1984 | ਸੇਵਾਵਾਂ ਖਤਮ |
| 9. | ਰਾਕੇਸ | ਟੀ.ਈ. | 23-7-1961 | 12-11-1982 | 11-11-1984 | ਸੇਵਾਵਾਂ ਖਤਮ |



Scanned by CamScanner